੧ਓ ਵਾਹਿਗੁਰੂ ਜੀ ਕੀ ਫ਼ਤਹ ॥

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

## ਦੀ

# ਪ੍ਰਬੰਧ ਸਕੀਮ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਮਤਾ ਨੰਬਰ ੧੭੬, ਮਿਤੀ ੧-੨-੫੨ ਰਾਹੀਂ ਪ੍ਰਵਾਨ ਕੀਤੀ ਅਤੇ ਮੁੜ ਅੰਤ੍ਰਿੰਗ ਕਮੇਟੀ ਨੇ ਆਪਣੇ ਮਤਾ ਨੰਬਰ ੬੭੩, ਮਿਤੀ ੨੮-੮-੫੯, ਮਤਾ ਨੰਬਰ ੫੦੦, ਮਿਤੀ ੧੪-੭-੭੩, ਮਤਾ ਨੰਬਰ ੩੫੮, ਮਿਤੀ ੧੬-੪-੭੪ ਅਤੇ ਮਤਾ ਨੰਬਰ ੨੧੦, ਮਿਤੀ ੨੦-੨-੭੫ ਰਾਹੀਂ ਤਰਮੀਮ ਕੀਤੀ ਸਬੰਧੀ ਸ੍ਰੀ ਮਾਨ ਪ੍ਰਧਾਨ ਸਾਹਿਬ ਦੇ ਆਰਡਰ ਨੰਬਰ ੨੩੦੯, ਮਿਤੀ ੧੪-੨-੯੭ ਦੇ ਅਧਾਰ 'ਪੁਰ ਸੋਧਾਂ ਸਮੇਤ ਮੁੜ ਤਿਆਰ ਹੋਈ ਪ੍ਰਬੰਧ ਸਕੀਮ ਦਾ ਖਰੜਾ, ਜੋ ਡਿਸਪੈਚ ਨੰਬਰ ੫੪੮੪, ਮਿਤੀ ੨੭-੨-੯੭ ਰਾਹੀਂ ਸਮੂੰਹ ਅੰਤ੍ਰਿੰਗ ਕਮੇਟੀ ਮੈਂਬਰ ਸਾਹਿਬਾਨ ਨੂੰ ਭੇਜਿਆ ਗਿਆ ਤੇ ਵਿਚਾਰ ਉਪਰੰਤ ਅੰਤ੍ਰਿੰਗ ਕਮੇਟੀ ਦੇ ਮਤਾ ਨੰਬਰ ੨੩੭, ਮਿਤੀ ੧-੩-੯੭ ਰਾਹੀਂ ਪ੍ਰਵਾਨ ਹੋ ਕੇ ਸਿੱਖ ਗੁ: ਐਕਟ ਦੀ ਧਾਰਾ ੮੫ (੧) ਦੇ ਸਮੂੰਹ ਗੁਰਦੁਆਰਾ ਸਾਹਿਬਾਨ ਦੀ "ਪ੍ਰਬੰਧਕ ਕਮੇਟੀ" ਹੋਣ ਦੀ ਹੈਸੀਅਤ ਵਿਚ ਹਵਾਲੇ ਵਾਲੀ ਧਾਰਾ ਦੇ ਸਬ ਅੰਕ-੨ ਦੀ ਮਨਸ਼ਾ ਅਨੁਸਾਰ ਸਬੰਧਤ, ਗੁਰਦੁਆਰਾ ਸਾਹਿਬਾਨ ਦੀ ਜਾਇਦਾਦ, ਜਗੀਰ, ਫੰਡਾਂ, ਆਮਦਨੀ ਤੋਂ ਆਮ ਪ੍ਰਬੰਧ ਲਈ ਬਣਾਈ ਮਿਤੀ ੧-੩-੯੭ ਤੋਂ ਲਾਗੂ ਹੋਈ:-

## ੧ ਵਿਆਖਿਆ

(ੳ) 'ਐਕਟ' ਦੇ ਅਰਥ ਹਨ ਸਿੱਖ ਗੁਰਦੁਆਰਾ ਐਕਟ ੮, ੧੯੨੫ ਸਮੇਤ ਉਹਨਾਂ ਤਰਮੀਮਾਂ ਦੇ ਜੋ ਹੁਣ ਤੀਕ ਹੋ ਚੁੱਕੀਆਂ ਹਨ ਜਾਂ ਜੋ ਅੱਗੇ ਹੋਣਗੀਆਂ।

(ਅ) 'ਨਿਯਮ' ਅਰਥਾਤ ਉਹ ਕਾਇਦੇ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਏ ਗਏ ਹਨ ਜਾਂ ਸਮੇਂ-ਸਮੇਂ ਬਣਾਏ ਜਾਣ ਅਤੇ 'ਨਿਯਮ ਉਪਨਿਯਮ' ਕਰਕੇ ਪ੍ਰਸਿੱਧ ਹਨ।

(ੲ) 'ਪ੍ਰਬੰਧਕ ਕਮੇਟੀ' ਤੋਂ ਮੁਰਾਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੋਂ ਹੈ ਅਤੇ 'ਦਫ਼ਤਰ' ਤੋਂ ਭਾਵ 'ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ' ਤੋਂ ਹੈ।

(ਸ) 'ਸਰਵਿਸ ਰੂਲਜ਼' ਤੋਂ ਮੁਰਾਦ ਉਹ ਰੂਲਜ਼ ਹਨ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 'ਸਰਵਿਸ ਰੂਲਜ਼' ਕਰਕੇ ਚਾਲੂ ਹਨ।



## ਹੈੱਡ ਮਨਿਸਟਰ ਤੇ ਉਨ੍ਹਾਂ ਦੇ ਫਰਜ਼

੬. (ੳ) ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮਿਤਸਰ ਜੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਹੈੱਡ ਮਨਿਸਟਰਜ਼ ਸਾਹਿਬਾਨ ਨੂੰ ਜਥੇਦਾਰ ਸਾਹਿਬ ਦੇ ਪਦ ਨਾਲ ਸੱਦਿਆ ਜਾਵੇਗਾ ਅਤੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਹੈੱਡ ਮਨਿਸਟਰ ਸਾਹਿਬ ਨੂੰ ਹੈੱਡ ਗ੍ਰੰਥੀ ਦੇ ਪਦ ਨਾਲ ਬੁਲਾਇਆ ਜਾਵੇਗਾ।

(ਅ) ਉਕਤ ਲਘੂ ਅੰਕ (ੳ) ਵਿੱਚ ਆਉਂਦੇ ਹੈੱਡ ਮਨਿਸਟਰ ਸਾਹਿਬਾਨ ਦੀਆਂ ਡਿਊਟੀਆਂ ਤੇ ਫਰਜ਼ ਹੇਠ ਲਿਖੇ ਅਨੁਸਾਰ ਹੋਣਗੇ:-

ਤਖ਼ਤ ਸਾਹਿਬਾਨ ਦੇ ਹੈੱਡ ਮਨਿਸਟਰ ਸਾਹਿਬਾਨ ਦਾ ਫਰਜ਼ ਹੋਵੇਗਾ ਕਿ ਉਹ ਤਖ਼ਤ ਸਾਹਿਬਾਨ ਦੀ ਧਾਰਮਿਕ ਮਰਯਾਦਾ, ਪੂਜਾ ਪਾਠ ਅਤੇ ਅੰਦਰ ਦੇ ਸਾਰੇ ਪ੍ਰਬੰਧ ਦੀ ਨਿਗਰਾਨੀ ਕਰਨ ਅਤੇ ਗੁਰਮਤਿ ਅਨੁਸਾਰ ਪੂਜਾ ਪਾਠ ਕਰਨ ਤੇ ਕਰਾਉਣ ਦਾ ਪ੍ਰਬੰਧ ਕਰਦਿਆਂ ਹੋਇਆਂ ਹਰ ਵੇਲੇ ਇਸ ਫਰਜ਼ ਦੀ ਪੂਰਤੀ ਦਾ ਖਿਆਲ ਰੱਖਣ। ਇਸੇ ਪ੍ਰਕਾਰ ਸ੍ਰੀ ਦਰਬਾਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਸਾਹਿਬ ਦਾ ਇਹ ਫਰਜ਼ ਹੋਵੇਗਾ ਕਿ ਉਹ ਸ੍ਰੀ ਦਰਬਾਰ ਸਾਹਿਬ, ਦੀ ਧਾਰਮਿਕ ਮਰਯਾਦਾ ਤੇ ਪੂਜਾ ਪਾਠ ਆਪਣੀ ਨਿਗਰਾਨੀ ਵਿੱਚ ਕਰਨ/ਕਰਾਉਣ। ਉਪਰ ਦੱਸੇ ਤਿੰਨਾਂ ਹੀ ਹੈੱਡ ਮਨਿਸਟਰ ਸਾਹਿਬਾਨ ਦਾ ਇਹ ਵੀ ਫਰਜ਼ ਹੋਵੇਗਾ ਕਿ ਉਹ ਆਪ ਭੀ ਪੂਜਾ ਪਾਠ ਕਰਨ।

## ਆਮਦਨ

੭. (ੳ) ਜਿਸ ਕੰਮ ਲਈ ਮਾਇਆ ਅਰਦਾਸ ਹੋਵੇਗੀ, ਉਹ ਨਿਯਮਾਂ ਅਨੁਸਾਰ ਉਸੇ ਕੰਮ 'ਤੇ ਹੀ ਖਰਚ ਕੀਤੀ ਜਾਵੇਗੀ।

(ਅ) ਆਈ ਮਾਇਆ ਦੀ ਵਸੂਲੀ ਦੀਆਂ ਰਸੀਦਾਂ ਉਤੇ ਦਸਤਖਤ ਕਰਨ ਦੇ ਅਧਿਕਾਰ ਮੈਨੇਜਰ ਅਤੇ ਹੋਰ, ਜਿਸ ਮੁਲਾਜ਼ਮ ਨੂੰ ਪ੍ਰਬੰਧਕ ਕਮੇਟੀ ਦੇਣੇ ਨੂੰ ਹੋਣਗੇ।

੮. ਟਰਸਟ ਫੰਡਾਂ ਦੀ ਆਮਦਨ ਛੱਡ ਕੇ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਸੈਕਸ਼ਨ ੮੫ ਦੇ ਅੰਕ (੧) ਵਿੱਚ ਆਉਂਦੇ ਸਮੂੰਹ ਗੁਰਦੁਆਰਾ ਸਾਹਿਬਾਨ ਦੀ ਆਮਦਨ ਦਾ ਨਾਮ ਉਨ੍ਹਾਂ ਗੁਰਦੁਆਰਾ ਸਾਹਿਬਾਨ ਦਾ 'ਜਨਰਲ ਗੁਰਦੁਆਰਾ ਫੰਡ' ਹੋਵੇਗਾ ਅਤੇ ਇਸ ਦੇ ਖਰਚ ਦੀ ਵੰਡ ਲੱਗਭਗ ਹੇਠ ਲਿਖੇ ਅਨੁਸਾਰ ਹੋਵੇਗੀ ਤੇ ਲੋੜ ਅਨੁਸਾਰ ਕਿਸੇ ਗੁਰਦੁਆਰਾ ਸਾਹਿਬ ਲਈ ਪ੍ਰਬੰਧਕ ਕਮੇਟੀ ਇਸ ਤੋਂ ਵੱਧ ਘੱਟ ਨਿਯਤ ਕਰ ਸਕੇਗੀ:-

| | | |
|---|---|---|
| (ੳ) | ਗੁਰਦੁਆਰੇ ਦੇ ਹਰ ਇਕ ਕਿਸਮ ਦੇ ਰੁਟੀਨ ਖਰਚ ਜਿਸ ਵਿੱਚ ਮੁਰੰਮਤ ਵੀ ਸ਼ਾਮਿਲ ਹੈ। | ੫੦ ਤੋਂ ੬੦ ਫੀ ਸਦੀ ਤੱਕ |
| (ਅ) | ਰੀਜ਼ਰਵ | ਸਾਢੇ ੬ ਫੀ ਸਦੀ ਤੱਕ |
| (ੲ) | ਤਰੱਕੀ ਗੁਰਦੁਆਰਾ | ੫ ਫੀ ਸਦੀ ਤੱਕ |